Roll No. ........................ Total Pages : 4

# 10632/NK

**O–2/2111**

## ਸੱਭਿਆਚਾਰ ਤੇ ਪੰਜਾਬੀ ਸੱਭਿਆਚਾਰ

Paper–2–PBR-2020

Semester–III

(Regular and D.E.)

Time Allowed : 3 Hours] [Maximum Marks : 60

**ਨੋਟ :** ਭਾਗ A ਅਤੇ B ਹਰੇਕ ਵਿਚੋਂ **ਦੋ-ਦੋ** ਪ੍ਰਸ਼ਨ ਕਰੋ ਅਤੇ ਹਰੇਕ ਪ੍ਰਸ਼ਨ ਦੇ 9 ਅੰਕ ਹਨ। ਭਾਗ C ਸਾਰਾ ਕਰੋ। ਇਸ ਵਿਚ 12 ਸੰਖੇਪ ਉੱਤਰ ਵਾਲੇ ਪ੍ਰਸ਼ਨ ਲਾਜਮੀ ਹਨ ਅਤੇ ਹਰੇਕ ਪ੍ਰਸ਼ਨ ਦੇ 2 ਅੰਕ ਹਨ।

### ਭਾਗ—A

1. ਸਭਿਆਚਾਰ ਨੂੰ ਪਰਿਭਾਸ਼ਿਤ ਕਰਦੇ ਹੋਏ ਸਭਿਆਚਾਰ ਰੁਪਾਂਤਰਣ ਪ੍ਰਕ੍ਰਿਆ ਬਾਰੇ ਵਿਸਥਾਰ ਵਿੱਚ ਚਰਚਾ ਕਰੋ। 9



2. ਕਬਾਈਲੀ ਸਭਿਆਚਾਰ ਤੋਂ ਕੀ ਭਾਵ ਹੈ? ਇਸਦੇ ਪ੍ਰਮੁੱਖ ਲੱਛਣਾਂ ਨਾਲ ਜਾਣ-ਪਛਾਣ ਕਰਾਓ। 9

3. ਰੇਮੰਡ ਵਿਲੀਅਮਜ਼ ਦੀ ਸਭਿਆਚਾਰਕ ਸ਼ਾਸਤਰੀ ਦੇ ਤੌਰ 'ਤੇ ਦੇਣ ਸਪੱਸ਼ਟ ਕਰੋ। 9

4. ਸਟੂਅਰਟ ਹਾਲ ਦੁਆਰਾ ਸਭਿਆਚਾਰ ਦੀ ਸਿਧਾਂਤਕਾਰੀ ਸਬੰਧੀ ਪੇਸ਼ ਮੂਲ ਨੁਕਤਿਆਂ ਬਾਰੇ ਜਾਣਕਾਰੀ ਦਿਓ। 9

### ਭਾਗ—B

5. ਪੰਜਾਬ ਦੀ ਭੂਗੋਲਿਕ ਇੱਥੋਂ ਦੇ ਸਭਿਆਚਾਰ ਦੀ ਵਿਲੱਖਣ ਨੁਹਾਰ ਘੜਨ ਲਈ ਵਿਸ਼ੇਸ਼ ਤੌਰ 'ਤੇ ਜ਼ਿੰਮੇਵਾਰ ਹੈ। ਇਸ ਕਥਨ ਦੀ ਪੁਸ਼ਟੀ ਦਲੀਲਾਂ ਸਾਹਿਤ ਕਰੋ। 9

6. ਵਿਸ਼ਵੀਕਰਨ ਦੀ ਪ੍ਰਕ੍ਰਿਆ ਨੇ ਪੰਜਾਬੀ ਸਭਿਆਚਾਰ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਮਿਸਾਲਾਂ ਸਾਹਿਤ ਉੱਤਰ ਦਿਓ। 9

7. ਪੰਜਾਬੀ ਰਿਸ਼ਤਾ ਨਾਤਾ ਪ੍ਰਬੰਧ ਦੀਆ ਮੂਲ ਇਕਾਈਆਂ ਬਾਰੇ ਜਾਣਕਾਰੀ ਦਿਓ। 9

8. ਪੰਜਾਬ ਦੇ ਸਿਕਲੀਗਰ ਸਭਿਆਚਾਰ ਦੀਆ ਮੂਲ ਖਾਸੀਅਤਾਂ ਨਾਲ ਜਾਣ-ਪਛਾਣ ਕਰਾਓ। 9

### ਭਾਗ—C

9. ਹੇਠ ਲਿਖਿਆਂ 'ਤੇ ਸੰਖੇਪ ਨੋਟ ਲਿਖੋ : 12×2=24

(i) ਸਭਿਆਚਾਰ ਇੱਕ ਜੁੱਟ ਤੇ ਜਟਿਲ ਸਿਸਟਮ ਹੈ। ਸਪੱਸ਼ਟ ਕਰੋ।

(ii) ਸਭਿਆਚਾਰ ਦੇ ਪ੍ਰਤੀਮਾਨਕ ਪੱਖ ਬਾਰੇ ਸੰਖੇਪ ਵਿੱਚ ਚਰਚਾ ਕਰੋ।

(iii) ਮੀਡੀਆ ਸਭਿਆਚਾਰ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ?

(iv) ਫ਼ਰੈਡਰਿਕ ਜੇਮਸਨ ਦੇ ਸਭਿਆਚਾਰਕ ਸਿਧਾਂਤ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਦੱਸੋ।

(v) ਟੈਰੀ ਈਗਲਟਨ ਦੇ ਸਭਿਆਚਾਰਕ ਸਿਧਾਂਤ ਦਾ ਮੂਲ ਨੁਕਤਾ ਕੀ ਹੈ?

(vi) ਪੰਜਾਬੀ ਸਭਿਆਚਾਰ ਦੇ ਸਥਾਨਕ ਸੋਮਿਆਂ ਬਾਰੇ ਸੰਖੇਪ ਵਿੱਚ ਚਰਚਾ ਕਰੋ।



(vii) ਮੱਧਕਾਲੀਨ ਪੰਜਾਬੀ ਸਭਿਆਚਾਰ ਦਾ ਸੁਭਾਅ ਕਿਹੋ ਜਿਹਾ ਸੀ?

(viii) ਪੰਜਾਬੀ ਸਭਿਆਚਾਰ ਵਿੱਚ ਕਿਰਤ ਦਾ ਕੀ ਮਹੱਤਵ ਹੈ?

(ix) ਪੰਜਾਬੀ ਔਰਤ ਦੇ ਪਹਿਰਾਵੇ ਬਾਰੇ ਦੱਸ ਕੇ ਵਰਤਮਾਨ ਦੌਰ ਵਿੱਚ ਇਸ ਵਿੱਚ ਆਏ ਬਦਲਾਅ ਬਾਰੇ ਸੰਖੇਪ ਚਰਚਾ ਕਰੋ।

(x) ਪੰਜਾਬੀ ਪਰਿਵਾਰਕ ਬਣਤਰ ਬਾਰੇ ਸੰਖੇਪ ਜਾਣਕਾਰੀ ਦਿਓ।

(xi) ਪੰਜਾਬੀਅਤ ਦਾ ਸੰਕਲਪ ਸਮਝਾਓ।

(xii) ਵਰਤਮਾਨ ਤੌਰ ਵਿੱਚ ਸਾਡੇ ਵਿਆਹ ਪ੍ਰਬੰਧ ਵਿੱਚ ਕੀ ਤਬਦੀਲੀਆ ਵਾਪਰੀਆਂ ਹਨ?